**SET-3**

**Series AABB1/2**

**Q.P. Code 226/2/3**

Roll No.

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **13** ਪ੍ਰਸ਼ਨ ਹਨ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **7** printed pages.
- Q.P. Code given on the right hand side of the question paper should be written on the title page of the answer-book by the candidate.
- Please check that this question paper contains **13** questions.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਅਰਥਸ਼ਾਸਤ੍ਰ
## (ਪੰਜਾਬੀ ਉਲਥਾ)
# ECONOMICS
## (Punjabi Version)

*ਸਮਾਂ ਸੀਮਾਂ : 2 ਘੰਟੇ* — *ਪੂਰਨ ਅੰਕ : 40*

*Time allowed : 2 hours* — *Maximum Marks : 40*



ZOLLEGE.in

***ਵਿਆਪਕ ਨਿਰਦੇਸ਼ :***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

*(i)* *ਇਸ ਪ੍ਰਸ਼ਨ ਪੱਤਰ ਵਿਚ ਕੁਲ **13** ਪ੍ਰਸ਼ਨ ਹਨ ।*

*(ii)* ***ਸਾਰੇ** ਪ੍ਰਸ਼ਨ ਜ਼ਰੂਰੀ ਹਨ । ਹਰ ਇਕ ਪ੍ਰਸ਼ਨ ਦੇ ਸਾਹਮਣੇ ਉਸਦੇ ਅੰਕ ਲਿਖੇ ਗਏ ਹਨ ।*

*(iii)* *ਇਸ ਪ੍ਰਸ਼ਨ ਪੱਤਰ ਵਿਚ **2** ਅੰਕਾਂ ਦੇ **5** ਪ੍ਰਸ਼ਨ, **3** ਅੰਕਾਂ ਦੇ **5** ਪ੍ਰਸ਼ਨ ਅਤੇ **5** ਅੰਕਾਂ ਦੇ **3** ਪ੍ਰਸ਼ਨ ਹਨ ।*

*(iv)* ***2** ਅੰਕਾਂ ਵਾਲੇ ਪ੍ਰਸ਼ਨ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਇਨ੍ਹਾਂ ਦੇ ਉੱਤਰ **30 – 50** ਸ਼ਬਦਾਂ (ਹਰੇਕ) ਵਿਚ ਦਿਓ ।*

*(v)* ***3** ਅੰਕਾਂ ਵਾਲੇ ਪ੍ਰਸ਼ਨ ਵੀ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਉਨ੍ਹਾਂ ਦੇ ਉੱਤਰ **50 – 80** ਸ਼ਬਦਾਂ (ਹਰੇਕ) ਵਿਚ ਦਿਓ ।*

*(vi)* ***5** ਅੰਕਾਂ ਵਾਲੇ ਪ੍ਰਸ਼ਨ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ ਅਤੇ ਇਨ੍ਹਾਂ ਦੇ ਉੱਤਰ **80 – 120** ਸ਼ਬਦਾਂ (ਹਰੇਕ) ਵਿਚ ਦਿਓ ।*

*(vii)* *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹੈ । ਹਾਲਾਂਕਿ, ਕੁਝ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਪ੍ਰੀਖਿਆਰਥੀ ਅਜੇਹੇ ਪ੍ਰਸ਼ਨਾਂ ਵਿਚੋਂ ਕੇਵਲ ਇਕ ਹੀ ਪ੍ਰਸ਼ਨ ਦਾ ਉੱਤਰ ਦੇਣ ।*

*(viii)* *ਇਸ ਪ੍ਰਸ਼ਨ ਪੱਤਰ ਵਿਚ ਕੇਸ/ਸਰੋਤ ਅਧਾਰਿਤ ਪ੍ਰਸ਼ਨ ਵੀ ਹਨ ।*

**1.** (a) ਹੇਠ ਲਿਖੇ ਕਥਨ ਦੀ ਉਚਿਤਤਾ ਸਿੱਧ ਕਰੋ :

''ਕੀਨਸ ਦੇ ਅਰਥਸ਼ਾਸਤਰ ਦੇ ਸਿਧਾਂਤਾ ਦੇ ਅਧੀਨ, ਪੂਰਨ ਰੋਜਗਾਰ ਦੀ ਸਥਿਤੀ ਦਾ ਹੋਣਾ ਇਕ ਜ਼ਰੂਰੀ ਸ਼ਰਤ ਹੈ ।'' *2*

**ਜਾਂ**

(b) ''ਅਣਚਾਹੀ ਬੇਰੋਜ਼ਗਾਰੀ ਇਕ ਅਜੇਹੀ ਸਥਿਤੀ ਹੈ, ਜਿਥੇ ਕੰਮ ਕਰਨ ਦੇ ਅਣਚਾਹੀ ਜਾਂ ਸਮਰਥ ਮਨੁਖ ਨੂੰ ਪ੍ਰਚਲਿਤ ਮਜ਼ਦੂਰੀ ਦਰ ਤੇ ਕੰਮ ਨਹੀਂ ਮਿਲਦਾ ਹੈ ।'' ਕੀ ਤੁਸੀਂ ਦਿੱਤੇ ਗਏ ਕਥਨ ਨਾਲ ਸਹਿਮਤ ਹੋ ? ਸੰਖੇਪ ਵਿਚ ਸਪਸ਼ਟ ਕਰੋ । *2*



ZOLLEGE.in

**2.** (a) 'ਸ਼ਰਮਿਕ ਜਨਸੰਖਿਆ ਅਨੁਪਾਤ' ਨੂੰ ਪਰਿਭਾਸ਼ਿਤ ਕਰੋ ਅਤੇ ਇਸ ਦੀ ਉਪਯੋਗਤਾ ਦਾ ਵਰਣਨ ਕਰੋ । *2*

**ਜਾਂ**

(b) ਰਸਾਇਣਿਕ ਖਾਦਾਂ ਦੀ ਵਰਤੋਂ ਦੇ ਕਿਸੇ ਦੋ ਨੁਕਸਾਨਦਾਇਕ ਪ੍ਰਭਾਵਾਂ ਦਾ ਵਰਣਨ ਕਰੋ । *2*

**3.** ਦਵਿਖੇਤਰਕ ਅਰਥਵਿਵਸਥਾ ਵਿਚ ਸਮਗਰ ਮੰਗ ਦੇ ਕਿਸੇ ਇਕ ਘਟਕ ਦਾ ਵਰਣਨ ਅਤੇ ਵਿਆਖਿਆ ਕਰੋ । *2*

**4.** ਇਕ ਕਾਲਪਨਿਕ ਅਰਥਵਿਵਸਥਾ ਦੇ ਲਈ ਆਮਦਨ ਦੇ ਸੰਤੁਲਨ ਸਤਰ ਦੀ ਗਣਨਾ ਕਰੋ, ਜੇਕਰ ਇਹ ਦਿਤਾ ਗਿਆ ਹੋਏ ਕਿ :

(a) ਉਪਭੋਗ ਫਲਨ, $C = 400 + 0{\cdot}6\ Y$

ਜਿੱਥੇ $C$ = ਉਪਭੋਗ, $Y$ = ਆਮਦਨ

(b) ਸਵਾਯਤ (ਖੁਦਮੁਖਤਿਆਰ) ਨਿਵੇਸ਼ $(I_0)$ = ₹ 2,000 ਕਰੋੜ *2*

**5.** (a) ਮੂਲ ਵਾਧਾ ਵਿਧੀ ਰਾਹੀਂ ਰਾਸ਼ਟਰੀ ਆਮਦਨ ਦਾ ਲੇਖਾ ਕਰਦੇ ਸਮੇਂ ਅਪਣਾਇਆਂ ਜਾਣ ਵਾਲੀਆਂ ਕਿਸੇ ਦੋ ਸਾਵਧਾਨੀਆਂ ਦਾ ਵਰਣਨ ਕਰੋ । *2*

**ਜਾਂ**

(b) ਆਮਦਨ ਵਿਧੀ ਰਾਹੀਂ ਰਾਸ਼ਟਰੀ ਆਮਦਨ ਦਾ ਲੇਖਾ ਕਰਦੇ ਸਮੇਂ ਅਪਣਾਈਆਂ ਜਾਣ ਵਾਲੀਆਂ ਕਿਸੇ ਦੋ ਸਾਵਧਾਨੀਆਂ ਦਾ ਵਰਣਨ ਕਰੋ । *2*

**6.** "ਇਕ ਕਾਲਪਨਿਕ ਅਰਥਵਿਵਸਥਾ ਵਿਚ, ਜੇਕਰ ਨਿਯੋਜਿਤ ਬਚਤ ਨਿਯੋਜਿਤ ਨਿਵੇਸ਼ ਤੋਂ ਘਟ ਹੋਵੇ, ਤਾਂ ਰੋਜਗਾਰ ਅਤੇ ਆਮਦਨ ਵਿਚ ਕਮੀ ਆਂਦੀ ਹੈ ।"

ਕੀ ਤੁਸੀਂ ਦਿਤੇ ਗਏ ਕਥਨ ਨਾਲ ਸਹਿਮਤ ਹੋ ? ਉਚਿਤ ਸਪਸ਼ਟੀਕਰਣ ਰਾਹੀਂ ਆਪਣੇ ਉੱਤਰ ਦਾ ਸਮਰਥਨ ਕਰੋ । *3*



ZOLLEGE.in

7. ਹੇਠ ਲਿਖੇ ਅੰਕੜਿਆਂ ਦੇ ਅਧਾਰ ਤੇ, ਭਾਰਤ ਅਤੇ ਚੀਨ ਦੀਆਂ ਅਰਥਵਿਵਸਥਾ ਦੇ ਕਿਸੇ ਦੋ ਮਾਪਦੰਡਾਂ ਦੀ ਤੁਲਨਾ ਕਰੋ : *3*

| ਕ੍ਰਮ ਸੰਖਿਆ | ਮਦਾਂ | ਭਾਰਤ | ਚੀਨ |
|---|---|---|---|
| (i) | ਮਨੁਖੀ ਵਿਕਾਸ ਸੂਚਕਅੰਕ (HDI) (ਮੁੱਲ) | 0·609 | 0·727 |
| (ii) | HDI (ਰੈਂਕ) | 130 | 90 |
| (iii) | ਜਨਮ ਸਮੇਂ ਜੀਵਨ ਦੀ ਉਮਰ (ਸਾਲਾਂ ਵਿਚ) | 68·2 | 75·8 |
| (iv) | ਪ੍ਰਤਿਵਿਅਕਤੀ ਸਕਲ ਘਰੇਲੂ ਉਤਪਾਦ (GDP) (PPP $ US) | 5,730 | 13,572 |

*ਸਰੋਤ : HDI ਰਿਪੋਰਟ 2014 ਅਤੇ WDI*

8. (a) ਇਕ ਢੁਕਵੇ ਉਦਾਹਰਣ ਦੀ ਵਰਤੋਂ ਕਰਦੇ ਹੋਏ, 'ਦੋਹਰੀ ਗਣਨਾ' ਦੀ ਸਮਸਿਆ ਬਾਰੇ ਸੰਖੇਪ ਵਿਚ ਚਰਚਾ ਕਰੋ । *3*

**ਜਾਂ**

(b) ਇਕ ਢੁਕਵੇ ਸੰਖਿਆਤਮਕ ਉਦਾਹਰਣ ਦੀ ਵਰਤੋਂ ਕਰਦੇ ਹੋਏ, ਵਾਸਤਵਿਕ ਸਕਲ ਘਰੇਲੂ ਉਤਪਾਦ (Real GDP) ਅਤੇ ਮੌਦਰਿਕ ਸਕਲ ਘਰੇਲੂ ਉਤਪਾਦ (Nominal GDP) ਦੇ ਦਰਮਿਆਨ ਅੰਤਰ ਸਪਸ਼ਟ ਕਰੋ । *3*

9. ਸਫੀਤੀਕਾਰੀ ਅੰਤਰਾਲ ਨੂੰ ਪਰਿਭਾਸ਼ਿਤ ਕਰੋ । ਵਰਣਨ ਕਰੋ ਕਿ ਕਿਵੇਂ ਇਕ ਅਰਥਵਿਵਸਥਾ ਦਾ ਕੇਂਦਰੀ ਬੈਂਕ ਕਿਸੇ ਮੌਦਰਿਕ ਨੀਤੀ ਉਪਾਯ ਦੀ ਵਰਤੋਂ ਕਰਕੇ ਸਫੀਤੀਕਾਰੀ ਅੰਤਰਾਲ ਦੀ ਪਰਿਸਥਿਤੀ ਨੂੰ ਕਾਬੂ ਵਿਚ ਕਰ ਸਕਦਾ ਹੈ । *3*

10. "ਭਾਰਤ ਅਤੇ ਪਾਕਿਸਤਾਨ ਨੇ ਲਗਭਗ ਇਕ ਹੀ ਸਮੇਂ ਤੇ ਆਪਣੀ ਵਿਕਾਸ ਯਾਤਰਾ ਸ਼ੁਰੂ ਕੀਤੀ ਸੀ, ਫਿਰ ਵੀ ਦੋਨੋ ਅਰਥਵਿਵਸਥਾ ਨੇ ਵਖੋ ਵਖ ਦੂਰੀ ਤੈ ਕੀਤੀ ਹੈ ।"
ਵਾਜਬ (ਮੰਨਣਯੋਗ) ਦਲੀਲਾਂ ਰਾਹੀਂ ਦਿਤੇ ਗਏ ਕਥਨ ਦੀ ਪੁਸ਼ਟੀ ਕਰੋ । *3*



ZOLLEGE.in

11. ਜੇਕਰ ਖਰਚ ਵਿਧੀ ਅਤੇ ਆਮਦਨ ਵਿਧੀ ਰਾਹੀਂ ਸਾਧਨ ਲਾਗਤ ਤੇ ਸਕਲ ਘਰੇਲੂ ਉਤਪਾਦ ($GDP_{fc}$) ਦਾ ਮੁੱਲ ₹ 920 ਕਰੋੜ ਹੈ, ਤਾਂ ਅਨੁਪਸਥਿਤ ਮੁੱਲਾਂ (?) ਦਾ ਅਨੁਮਾਨ ਲਗਾਓ : *5*

| ਕ੍ਰਮ ਸੰਖਿਆ | ਮਦਾਂ | ਰਕਮ (ਕਰੋੜ ₹ ਵਿਚ) |
|---|---|---|
| (i) | ਸਰਕਾਰੀ ਅੰਤਿਮ ਉਪਭੋਗ ਖਰਚ | ? |
| (ii) | ਪਰਿਚਾਲਨ ਅਧਿਸ਼ੇਸ਼ (Operating Surplus) | ? |
| (iii) | ਸਕਲ ਘਰੇਲੂ ਸਥਾਈ ਪੂੰਜੀ ਨਿਰਮਾਣ | 250 |
| (iv) | ਸਵੈ-ਨਿਯੋਜਿਤਾਂ ਦੀ ਮਿਸ਼ਰਿਤ ਆਮਦਨ | 210 |
| (v) | ਸਟਾਕ ਵਿਚ ਪਰਿਵਰਤਨ | 120 |
| (vi) | ਸਥਾਈ ਪੂੰਜੀ ਦਾ ਉਪਭੋਗ | 140 |
| (vii) | ਕਰਮਚਾਰੀਆਂ ਦਾ ਮਿਹਨਤਾਨਾ | 420 |
| (viii) | ਨਿਜੀ ਅੰਤਿਮ ਉਪਭੋਗ ਖਰਚ | 540 |
| (ix) | ਸ਼ੁੱਧ ਨਿਰਯਾਤ | (–) 60 |
| (x) | ਸ਼ੁੱਧ ਅਪ੍ਰਤੱਖ ਕਰ | 80 |
| (xi) | ਸਮਾਜਿਕ ਸੁਰਖਿਆ ਯੋਜਨਾਵਾਂ ਵਿਚ ਨਿਯੋਕਤਾਵਾਂ ਦਾ ਯੋਗਦਾਨ | 130 |

12. (a) (i) ਹੇਠ ਲਿਖੇ ਦਾ ਅਰਥ ਦਸੋ :

(I) ਵਿਸ਼ਵਿਕ ਸਤਰ ਤੇ ਬਿਮਾਰੀ ਦਾ ਭਾਰ *1*

(II) ਮੌਤ ਦਰ *1*

(ii) ਸੰਖੇਪ ਵਿਚ ਚਰਚਾ ਕਰੋ ਕਿ ਨਿਯਮਿਤ ਵੇਤਨਭੋਗੀ ਰੋਜਗਾਰ ਵਿਚ ਇਸਤਰੀਆਂ ਘਟ ਕਿਉਂ ਹੁੰਦੀਆਂ ਹਨ । *3*

**ਜਾਂ**



ZOLLEGE.in

(b) (i) ਵਿਆਖਿਆ ਕਰੋ ਕਿ ਆਮਤੌਰ ਤੇ ਨਿਯਮਿਤ ਵੇਤਨਭੋਗੀ ਕਰਮਚਾਰੀਆਂ ਦੀ ਗਿਣਤੀ ਸ਼ਹਿਰੀ ਖੇਤਰਾਂ ਵਿਚ ਪੇਂਡੂ ਖੇਤਰਾਂ ਦੇ ਮੁਕਾਬਲੇ ਜ਼ਿਆਦਾ ਕਿਉਂ ਹੁੰਦੀ ਹੈ । *3*

(ii) ਭਾਰਤ ਵਿਚ ਸਾਰਵਜਨਿਕ ਸਿਹਤ ਸੰਬੰਧੀ ਪ੍ਰਬੰਧਾਂ ਦੀਆਂ ਕਿਸੇ ਦੋ ਮੁੱਖ ਕਮੀਆਂ ਦਾ ਵਰਣਨ ਕਰੋ । *2*

## ਕੇਸ/ਸਰੋਤ ਅਧਾਰਿਤ ਪ੍ਰਸ਼ਨ

*ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ । ਦਿਤੇ ਗਏ ਪੈਰੇ ਅਤੇ ਸਾਮਾਨਯ ਵਿਵੇਕ ਦੇ ਅਧਾਰ ਤੇ ਪ੍ਰਸ਼ਨ ਸੰਖਿਆ **13 (a)** ਅਤੇ **13 (b)** ਦੇ ਉੱਤਰ ਦਿਓ :*

ਸਾਲ 2020 ਦੀ ਸ਼ੁਰੂਆਤ, ਕਿਸੇ ਸਦੀ ਵਿਚ ਇਕ ਵਾਰ ਹੋਣ ਵਾਲੀ ਮਹਾਂਮਾਰੀ ਦੇ ਨਾਲ ਹੋਇਆ, ਜਿਸ ਨਾਲ ਫਰੰਟਲਾਇਨ/ਮੁਹਰਲੇ ਕਰਮਚਾਰੀਆਂ ਨੇ ਕੋਵਿਡ-19 ਤੋਂ ਮਨੁਖੀ ਜੀਵਨ ਨੂੰ ਬਚਾਣ ਦੇ ਲਈ ਅਥਕ ਯਤਨ ਕੀਤੇ । ਮਹਾਂਮਾਰੀ ਨੇ ਅਰਥਵਿਵਸਥਾ ਅਤੇ ਸਮਾਜਿਕ ਖੇਤਰਾਂ ਵਿਚ ਕਈ ਤਰਾਂ ਦੀਆਂ ਸਮਸਿਆਵਾਂ ਪੈਦਾ ਕੀਤੀਆਂ ਸਨ । ਸਰਕਾਰਾਂ ਨੇ, ਸਾਰੇ ਸਤਰਾਂ ਤੇ, ਸਮੇਂ ਅਨੁਸਾਰ ਤਰੀਕਿਆਂ ਨਾਲ ਮਹਾਂਮਾਰੀ ਦਾ ਮੁਕਾਬਲਾ ਕਰਨ ਦੇ ਲਈ ਦਖਲ ਦਿਤਾ ।

ਭਾਰਤ ਵਿਚ ਮੌਤ ਦਰ 1·5% ਤੋਂ ਵੀ ਘਟ ਰਿਹਾ । ਭਾਰਤ ਆਪਣੀਆਂ ਪ੍ਰਭਾਵੀ ਨੀਤੀ ਪ੍ਰਤਿਕਿਰਿਆਵਾਂ ਦੇ ਕਾਰਨ ਲਖਾਂ ਲੋਕਾਂ ਦੀ ਜਾਨ ਬਚਾਣ ਵਿਚ ਸਮਰੱਥ ਰਿਹਾ । 2020 – 21 ਵਿਚ ਮਹਾਂਮਾਰੀ ਨਾਲ ਪੈਦਾ ਹੋਈਆਂ ਸਮਸਿਆਵਾਂ ਅਤੇ ਤਾਲਾਬੰਦੀ ਦੇ ਕਾਰਨ ਜੀਵਨ ਨਿਰਬਾਹ ਦੇ ਨੁਕਸਾਨ ਨੂੰ ਘਟ ਕਰਨ ਦੇ ਲਈ ਸਾਰਵਜਨਿਕ ਖਰਚੇ ਵਿਚ ਵਾਧਾ ਕੀਤੀ ਗਈ ਸੀ ।

ਤਾਲਾਬੰਦੀ ਦੇ ਅੰਤਰਾਲ ਵਿਚ ਸੰਗਠਿਤ ਖੇਤਰ ਵਿਚ 'ਗਿਗ ਇਕੋਨੋਮੀ' ਅਤੇ 'ਵਰਕ ਫਰਾਮ ਹੋਮ' ਵਿਚ ਵਾਧਾ ਦੇਖਿਆ ਗਿਆ ਹੈ । ਆਵਧਿਕ ਸ਼ਰਮ ਬਲ ਸਰਵੇਖਣ (PLFS) ਰਿਪੋਰਟ 2018 – 19 ਦੇ ਅਨੁਸਾਰ, 2017 – 18 ਦੇ 47·14 ਕਰੋੜ ਕਰਮਚਾਰੀਆਂ ਦੇ ਮੁਕਾਬਲੇ 2018 – 19 ਵਿਚ ਵਧ ਕੇ ਕੁਲ 48·78 ਕਰੋੜ ਕਰਮਚਾਰੀਆਂ ਦੀ ਸੰਖਿਆ ਹੋਈ ਸੀ । ਇਸ ਵਧੇ ਹੋਏ 1·64 ਕਰੋੜ ਕਾਰਜਬਲ (ਵਰਕ ਫੋਰਸ) ਵਿਚੋਂ 1·22 ਕਰੋੜ ਪੇਂਡੂ ਖੇਤਰਾਂ ਅਤੇ 0·42 ਕਰੋੜ ਸ਼ਹਿਰੀ ਖੇਤਰਾਂ ਵਿਚ ਸਨ ।



ZOLLEGE.in

ਇਸਤ੍ਰੀ ਸ਼ਰਮ ਬਲ ਦੀ ਹਿਸੇਦਾਰੀ ਦਰ 2017 – 18 ਵਿਚ 17·5% ਤੋਂ ਵਧ ਕੇ 2018 – 19 ਵਿਚ 18·6% ਹੋ ਗਈ ਸੀ । 20 ਦਿਸੰਬਰ, 2020 ਤਕ ਕਰਮਚਾਰੀ ਭਵਿਸ਼ ਨਿਧੀ ਸੰਗਠਨ (EPFO) ਦੇ ਸ਼ੁਧ ਵੇਤਨ (ਪੇਰੋਲ) ਅੰਕੜੇ 2018 – 19 ਵਿਚ 61·1 ਲਖ ਦੇ ਮੁਕਾਬਲੇ 2019 – 20 ਵਿਚ 78·58 ਲਖ ਦੇ ਨਵੇਂ ਗਾਹਕਾਂ ਦੇ ਸ਼ੁਧ ਵਾਧੇ ਨੂੰ ਦਰਸਾਂਦੇ ਹਨ । PLFS ਰਿਪੋਰਟ ਨੇ ਵੀ 2019 – 20 ਵੀ ਚੌਥੀ ਤਿਮਾਹੀ ਦੇ ਮੁਕਾਬਲੇ ਵਿਚ 2020 – 21 ਦੀ ਚੌਥੀ ਤਿਮਾਹੀ ਵਿਚ ਸੁਧਾਰ ਦਿਖਾਇਆ ਹੈ ।

ਪੁਰਸ਼ ਕਾਰਜਬਲ ਦੇ ਅਨੁਪਾਤ ਨੂੰ ਧਿਆਨ ਵਿਚ ਰਖਦੇ ਹੋਏ, ਅਨਿਯਮਿਤ ਕਰਮਚਾਰੀਆਂ ਦੀ ਸੰਖਿਆ ਵਿਚ 1% ਦੀ ਕਮੀ ਹੋਈ, ਜਦਕਿ ਸਵ–ਨਿਯੋਜਿਤਾਂ ਅਤੇ ਵੇਤਨਭੋਗੀ ਕਰਮਚਾਰੀਆਂ ਵਿਚ ਕਰਮਵਾਰ 0·6% ਅਤੇ 0·4% ਦਾ ਵਾਧਾ ਹੋਇਆ ਹੈ । ਇਸੇ ਤਰਾਂ, ਇਸਤ੍ਰੀ ਕਾਰਜਬਲ ਦੇ ਸੰਦਰਭ ਵਿਚ, ਸਵ–ਨਿਯੋਜਤਾਂ ਵਿਚ 2% ਦਾ ਵਾਧਾ ਹੋਇਆ ਹੈ, ਨਿਯਮਿਤ/ਵੇਤਨਭੋਗੀ ਕਰਮਚਾਰੀਆਂ ਵਿਚ 0·7% ਅਤੇ ਅਨਿਯਮਿਤ ਕਰਮਚਾਰੀਆਂ ਵਿਚ 1·4% ਦੀ ਕਮੀ ਆਈ ਹੈ ।

*ਸਰੋਤ : ਆਰਥਿਕ ਸਰਵੇਖਣ 2020 – 21, ਦੂਸਰਾ ਖੰਡ, ਅਧਿਆਏ 10 (ਅੰਸ਼)*

**13.** (a) ਸਾਲ 2020 – 21 ਦੀ ਚੌਥੀ ਤਿਮਾਹੀ ਦੇ ਲਈ, ਭਾਰਤ ਵਿਚ ਕਾਰਜਬਲ ਦੀ ਪ੍ਰਕਿਰਤੀ/ਵੰਡ ਦਾ ਵਿਸ਼ਲੇਸ਼ਣ ਕਰੋ । *2*

(b) ਮਹਾਂਮਾਰੀ ਦੇ ਕੁਪ੍ਰਭਾਵਾਂ ਨੂੰ ਕਾਬੂ ਕਰਨ ਦੇ ਲਈ ਸਰਕਾਰ ਰਾਹੀਂ ਉਠਾਏ ਗਏ ਕਿਸੇ ਦੋ ਕਦਮਾਂ ਦਾ ਵਰਣਨ ਅਤੇ ਵਿਆਖਿਆ ਕਰੋ । *3*


ZOLLEGE.in